Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ COVID-19 ਦੀ ਪ੍ਰਤੀਕਿਰਿਆ ਵਿੱਚ ਸਿਟੀ ਦੀ ਮਾਲਕੀ ਵਾਲੀਆਂ ਫੈਸਿਲਿਟੀਜ ਵਿੱਚ ਕਿਰਾਏਦਾਰਾਂ ਅਤੇ ਗੈਰ-ਲਾਭ ਸੰਗਠਨਾਂ ਨੂੰ ਕਿਰਾਏ ਤੋਂ ਰਾਹਤ ਪ੍ਰਦਾਨ ਕੀਤੀ

ਬ੍ਰੈਂਪਟਨ, ਓਨਟੈਰੀਓ (1 ਅਪ੍ਰੈਲ, 2020) – ਅੱਜ, ਮੇਅਰ ਪੈਟਰਿਕ ਬ੍ਰਾਊਨ ਨੇ ਘੋਸ਼ਣਾ ਕੀਤੀ ਕਿ ਸਿਟੀ ਆਫ ਬ੍ਰੈਂਪਟਨ, ਸਿਟੀ ਦੀਆਂ 41 ਫੈਸਿਲਿਟੀਜ ਵਿੱਚ ਛੋਟੇ ਕਾਰੋਬਾਰਾਂ ਅਤੇ ਗੈਰ-ਲਾਭ ਸੰਗਠਨਾਂ ਦੇ ਕਿਰਾਏਦਾਰਾਂ ਨੂੰ ਕਿਰਾਏ ਤੋਂ ਰਾਹਤ ਪ੍ਰਦਾਨ ਕਰੇਗੀ।

COVID-19 (ਸੀ.ਓ.ਵੀ.ਆਈ.ਡੀ.-19) ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਲਈ, ਪੀਲ ਪਬਲਿਕ ਹੈਲਥ (Peel Public Health) ਦੇ ਨਿਰਦੇਸ਼ ਨਾਲ, ਸਿਟੀ ਦੀਆਂ ਸਾਰੀਆਂ ਫੈਸੀਲਿਟੀਜ ਅਗਲੇ ਨੋਟਿਸ ਤੱਕ ਬੰਦ ਰਹਿਣਗੀਆਂ। ਇਸ ਬੇਹੱਦ ਮੁਸ਼ਕਲ ਅਤੇ ਚੁਣੌਤੀਪੂਰਣ ਸਮੇਂ ਕਾਰਨ ਸਿਟੀ, ਸਿਟੀ ਦੀਆਂ ਫੈਸੀਲਿਟੀਜ ਦੇ ਕਿਰਾਏਦਾਰ ਕਾਰੋਬਾਰੀਆਂ ਅਤੇ ਸੰਗਠਨਾਂ ਤੇ ਪੈਣ ਵਾਲੇ ਆਰਥਿਕ ਅਸਰ ਨੂੰ ਸਮਝਦੀ ਹੈ।

ਸਿਟੀ ਸਟਾਫ਼ (City Staff) ਦੀ ਸਿਫਾਰਿਸ਼ ਦੇ ਅਧਾਰ ਤੇ, ਸਿਟੀ ਤਿੰਨ ਮਹੀਨਿਆਂ ਤੱਕ ਦੀ ਮਿਆਦ ਲਈ ਆਪਣੇ ਗੈਰ-ਲਾਭ ਸੰਗਠਨਾਂ ਅਤੇ ਛੋਟੇ ਕਾਰੋਬਾਰੀ ਕਿਰਾਏਦਾਰਾਂ ਲਈ ਕਿਰਾਏ ਦੇ ਭੁਗਤਾਨਾਂ ਨੂੰ ਸਥਗਿਤ ਕਰੇਗੀ। ਨਾਲ ਹੀ, ਆਪਣੇ ਗੈਰ-ਲਾਭ ਕਿਰਾਏਦਾਰਾਂ ਨੂੰ 3 ਮਹੀਨਿਆਂ ਤੱਕ ਦੀ ਮਿਆਦ ਲਈ, ਭੁਗਤਾਨਾਂ ਤੋਂ ਛੋਟ ਦੇਵੇਗੀ, ਜੋ ਨਵੇਂ ਫੈਡਰਲ ਪ੍ਰੋਗਰਾਮਾਂ ਤੱਕ ਪਹੁੰਚ ਵਿੱਚ ਅਸਮਰੱਥ ਹਨ। ਇਹ ਰਾਹਤ, ਸਿਟੀ ਦੇ 81 ਕਿਰਾਏਦਾਰਾਂ ਵਿੱਚੋਂ ਅੱਧਿਆਂ ਤੋਂ ਵੱਧ ਨੂੰ ਸਹਿਯੋਗ ਦੇਵੇਗੀ।

ਸਿਟੀ ਦੇ ਕਿਰਾਏਦਾਰਾਂ ਦੀ ਮੌਜੂਦਾ ਸਥਿਤੀ ਇਹ ਹੈ ਕਿ ਕੁਝ ਕਿਰਾਏਦਾਰ, ਗੈਰ-ਜ਼ਰੂਰੀ ਕਾਰੋਬਾਰਾਂ ਤੇ ਪਾਬੰਦੀ ਲਗਾਉਣ ਦੇ ਸੂਬਾਈ ਆਦੇਸ਼ਾਂ ਦੇ ਕਾਰਨ ਆਪਣੇ ਕੰਮ ਬੰਦ ਕਰਨ ਲਈ ਮਜ਼ਬੂਰ ਹੋ ਗਏ ਹਨ, ਜਦਕਿ ਕੁਝ ਕਿਰਾਏਦਾਰਾਂ ਨੇ ਸਰੀਰਕ ਦੂਰੀ ਦੀ ਪਾਲਣਾ ਕਰਨ ਲਈ ਆਪਣੇ ਕਾਰੋਬਾਰ ਬੰਦ ਕਰ ਦਿੱਤੇ ਹਨ।

ਕਾਊਂਸਿਲ ਨੂੰ ਇਸ ਫੈਸਲੇ ਬਾਰੇ ਜਾਣਕਾਰੀ, 8 ਅਪ੍ਰੈਲ ਦੀ ਕਾਊਂਸਿਲ ਦੀ ਮੀਟਿੰਗ ਵਿੱਚ ਇੱਕ ਰਿਪੋਰਟ ਦੇ ਤੌਰ ਤੇ ਮਿਲੇਗੀ।
ਸਿਟੀ, ਬ੍ਰੈਂਪਟਨ ਦੇ ਨਿਵਾਸੀਆਂ ਨੂੰ ਸੂਚਨਾਵਾਂ ਦਿੰਦੇ ਰਹਿਣ ਲਈ ਵਚਨਬੱਧ ਹੈ। ਇਹ COVID-19 ਵਾਸਤੇ ਸਿਟੀ ਦੀ ਪ੍ਰਤੀਕਿਰਿਆ ਬਾਰੇ ਤਾਜ਼ਾ ਜਾਣਕਾਰੀ ਦੇ ਉਪਲਬਧ ਹੁੰਦੇ ਹੀ ਨਿਵਾਸੀਆਂ ਨੂੰ ਉਹ ਜਾਣਕਾਰੀ ਦੇਣਾ ਜਾਰੀ ਰੱਖੇਗੀ। ਉਪਰੋਕਤ ਫੈਸਲਿਆਂ ਬਾਰੇ ਅਤੇ COVID-19 ਦੀ ਪ੍ਰਤੀਕਿਰਿਆ ਵਿੱਚ ਭਾਈਚਾਰੇ ਨੂੰ ਸਹਿਯੋਗ ਕਰਨ ਦੇ ਸਿਟੀ ਦੇ ਸਾਰੇ ਯਤਨਾਂ ਬਾਰੇ ਹੋਰ ਜਾਣਕਾਰੀ ਲਈ, www.brampton.ca/COVID19 ਤੇ ਜਾਓ ਜਾਂ @CityBrampton ਨੂੰ Twitter, Facebook ਅਤੇ Instagram ਤੇ ਫਾੱਲੋ ਕਰੋ।

**ਸੰਖੇਪ ਤੱਥ**

- ਇਸ ਵੇਲੇ, ਸਿਟੀ ਦੀਆਂ 41 ਫੈਸਿਲਿਟੀਜ ਵਿੱਚ 81 ਕਿਰਾਏਦਾਰ ਹਨ।
- ਮੌਜੂਦਾ ਤੌਰ ਤੇ, ਸਿਟੀ ਇੱਕ ਮਹੀਨੇ ਵਿੱਚ $302,134.68 ਕਿਰਾਇਆ ਲੈਂਦੀ ਹੈ। ਸਿਟੀ ਦੀ ਮਾਲਕੀ ਵਾਲੀਆਂ ਬਿਲਡਿੰਗਾਂ ਦੇ ਅੰਦਰ ਸਾਰੇ ਗੈਰ-ਲਾਭ ਸੰਗਠਨਾਂ ਨੂੰ ਤਿੰਨ ਮਹੀਨਿਆਂ ਤੱਕ ਦੀ ਕਿਰਾਏ ਤੋਂ ਛੋਟ ਨਾਲ ਸਿਟੀ ਉੱਤੇ $202K ਦਾ ਖ਼ਰਚ ਪਵੇਗਾ।
- ਇਸ ਵੇਲੇ, ਸਿਟੀ ਨੇ ਕਿਸੇ ਵੀ ਕਿਰਾਏ ਵਾਲੀ ਥਾਂ ਤੱਕ ਪਹੁੰਚ ਤੇ ਪਾਬੰਦੀ ਨਹੀਂ ਲਗਾਈ ਹੈ ਅਤੇ ਕਿਰਾਏਦਾਰਾਂ ਨਾਲ ਇਸ ਬਾਰੇ ਗੱਲ ਕੀਤੀ ਹੈ ਕਿ ਇਹ ਉਹਨਾਂ ਦਾ ਕਾਰੋਬਾਰੀ ਫੈਸਲਾ ਹੈ ਕਿ ਉਹ ਆਪਣੇ ਕੰਮ ਬੰਦ ਕਰਨਾ ਚਾਹੁੰਦੇ ਹਨ ਜਾਂ ਨਹੀਂ ਕਿਉਂਕਿ ਲੋੜ ਪੈਣ ਤੇ ਸਿਟੀ ਪਹੁੰਚ ਨੂੰ ਅਸਾਨ ਬਣਾਉਣਾ ਜਾਰੀ ਰੱਖੇਗੀ। ਹਾਲਾਂਕਿ, ਬੇਹੱਦ ਮੁਸ਼ਕਲ ਮੌਜੂਦਾ ਸਥਿਤੀਆਂ ਨੂੰ ਦੇਖਦੇ ਹੋਏ, ਕੁਝ ਕਿਰਾਏਦਾਰਾਂ ਨੇ ਬੰਦੀ ਦੀ ਮਿਆਦ ਦੇ ਦੌਰਾਨ ਕਿਰਾਏ ਤੋਂ ਰਾਹਤ ਦੇ ਸਬੰਧ ਵਿੱਚ ਪੁੱਛਗਿੱਛ ਕਰਨੀ ਸ਼ੁਰੂ ਕਰ ਦਿੱਤੀ ਹੈ।

BRAMPTON

# Media Release

**ਹਵਾਲੇ**

"ਸਾਡੇ ਛੋਟੇ ਕਾਰੋਬਾਰੀਆਂ ਅਤੇ ਗੈਰ-ਲਾਭ ਭਾਈਚਾਰਕ ਸੰਗਠਨਾਂ ਨੂੰ ਸਹਿਯੋਗ ਕਰਨਾ, ਅਰਥਚਾਰੇ ਦੇ ਇਸ ਮੁਸ਼ਕਲ ਸਮੇਂ ਦੇ ਦੌਰਾਨ ਮਹੱਤਵਪੂਰਣ ਹੈ। ਹਾਲਾਂਕਿ ਸਿਟੀ ਹਾਲ ਅਤੇ ਸਿਟੀ ਦੀਆਂ ਫੈਸੀਲਿਟੀਜ ਅਗਲੇ ਨੋਟਿਸ ਤੱਕ ਬੰਦ ਹਨ, ਸਿਟੀ ਨੇ ਵਿਕਰੇਤਾਵਾਂ ਲਈ, 30 ਦਿਨਾਂ ਤੋਂ 14 ਦਿਨਾਂ ਤੱਕ ਸਾਡੇ ਭੁਗਤਾਨਾਂ ਦੀਆਂ ਸ਼ਰਤਾਂ ਬਦਲ ਦਿੱਤੀਆਂ ਹਨ। ਅੱਜ, ਅਸੀਂ ਸਿਟੀ ਦੇ ਛੋਟੇ ਲਾਭ ਅਤੇ ਗੈਰ-ਲਾਭ ਸੰਗਠਨਾਂ ਦੇ ਕਿਰਾਏਦਾਰਾਂ ਨੂੰ ਕਿਰਾਏ ਤੋਂ ਸਿੱਧੀ ਰਾਹਤ ਦਾ ਵਾਧੂ ਉਪਾਅ ਕਰ ਰਹੇ ਹਾਂ, ਤਾਂ ਜੋ ਅਸੀਂ ਇਹਨਾਂ ਸਮੂਹਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਸਹਿਯੋਗ ਕਰ ਸਕੀਏ, ਜੋ ਬ੍ਰੈਂਪਟਨ ਦੇ ਭਾਈਚਾਰਕ ਢਾਂਚੇ ਦਾ ਮਹੱਤਵਪੂਰਣ ਹਿੱਸਾ ਹਨ।"

- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ

"ਸਿਟੀ ਦੀਆਂ 41 ਫੈਸਿਲਿਟੀਜ ਵਿੱਚ ਸਾਡੇ ਛੋਟੇ ਕਾਰੋਬਾਰਾਂ ਦੇ ਅਤੇ ਗੈਰ-ਲਾਭ ਸੰਗਠਨਾਂ ਦੇ ਕਿਰਾਏਦਾਰਾਂ ਲਈ, ਸਿਟੀ ਇੱਕ ਸਹਿਯੋਗੀ ਭਾਈਵਾਲ ਹੈ। ਜਦਕਿ ਸਿਟੀ ਦੀਆਂ ਫੈਸਿਲਿਟੀਜ, ਸੂਬੇ ਦੇ ਅਤੇ ਪਬਲਿਕ ਹੈਲਥ ਦੇ ਨਿਰਦੇਸ਼ ਤੇ ਬੰਦ ਹਨ, ਸਿਟੀ ਉਹਨਾਂ ਕਾਰੋਬਾਰੀਆਂ ਅਤੇ ਸੰਗਠਨਾਂ ਨੂੰ ਰਾਹਤ ਪ੍ਰਦਾਨ ਕਰ ਰਹੀ ਹੈ, ਜੋ ਸਿਟੀ ਲਈ ਮਾਲੀ ਆਮਦਨ ਦਾ ਲਾਭਕਾਰੀ ਸਰੋਤ ਹਨ। ਅੱਜ ਦੀ ਘੋਸ਼ਣਾ, COVID-19 ਦੇ ਦੌਰਾਨ ਉਹਨਾਂ ਦੀਆਂ ਜਾਰੀ ਕਾਰੋਬਾਰੀ ਲੋੜਾਂ ਵਿੱਚ ਸਹਿਯੋਗ ਕਰਦੀ ਹੈ। ਅਸੀਂ ਆਉਣ ਵਾਲੇ ਮਹੀਨਿਆਂ ਵਿੱਚ ਸਹਿਯੋਗਪੂਰਣ ਤਰੀਕੇ ਨਾਲ ਉਹਨਾਂ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖਾਂਗੇ।"

- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ

"ਹੁਣ ਪਹਿਲਾਂ ਤੋਂ ਕਿਤੇ ਵੱਧ, ਇਹ ਮਹੱਤਵਪੂਰਣ ਹੈ ਕਿ ਸਾਡਾ ਭਾਈਚਾਰਾ ਉਹਨਾਂ ਲੋਕਾਂ ਲਈ, ਲਗਾਤਾਰ ਸੁਰੱਖਿਅਤ ਅਤੇ ਸਹਿਯੋਗਾਤਮਕ ਥਾਂ ਪ੍ਰਦਾਨ ਕਰਦਾ ਰਹੇ, ਜੋ COVID-19 ਦੇ ਅਸਰਾਂ ਦੇ ਪ੍ਰਤੀ ਸਭ ਤੋਂ ਵੱਧ ਸੰਵੇਦਨਸ਼ੀਲ ਹਨ। ਅੱਜ ਦੀ ਘੋਸ਼ਣਾ, ਅਜਿਹਾ ਕਰਨ ਵਿੱਚ ਬਵਾਇਜ ਐਂਡ ਗਰਲਸ ਕਲੱਬ ਆਫ ਪੀਲ ਦੀ ਮਦਦ ਕਰਦੀ ਹੈ। ਮੈਂ ਇਸ ਸਮੇਂ ਦੇ ਦੌਰਾਨ ਬ੍ਰੈਂਪਟਨ ਦੇ ਨੌਜਵਾਨਾਂ ਲਈ, ਸਿਟੀ ਆਫ ਬ੍ਰੈਂਪਟਨ ਅਤੇ ਕਾਉਂਸਿਲ ਦੇ ਲਗਾਤਾਰ ਸਹਿਯੋਗ ਅਤੇ ਕਿਰਪਾ ਲਈ ਉਹਨਾਂ ਦਾ ਬਹੁਤ-ਬਹੁਤ ਧੰਨਵਾਦ ਅਤੇ ਪ੍ਰਸ਼ੰਸਾ ਕਰਦਾ ਹਾਂ।"

- ਮਾਈਕਲ ਜੇ. ਗਿਓਵੇ (Michael J. Gyovai), ਐਗਜੀਕਿਉਟਿਵ ਡਾਇਰੈਕਟਰ, ਬਵਾਇਜ ਐਂਡ ਗਰਲਸ ਕਲੱਬ ਆਫ ਪੀਲ

"ਸਪੋਰਟਫਿਕਸ ਸਾਡੇ ਸਿਹਤਮੰਦ ਅਤੇ ਕਿਰਿਆਸ਼ੀਲ ਭਾਈਵਾਲ ਨੂੰ ਪੇਸ਼ਾਵਰ ਸਪੋਰਟਿੰਗ ਸੇਵਾਵਾਂ ਪ੍ਰਦਾਨ ਕਰਦੇ ਹੋਏ, 30 ਸਾਲਾਂ ਤੋਂ ਵੱਧ ਸਮੇਂ ਤੋਂ ਬ੍ਰੈਂਪਟਨ ਨੂੰ ਆਪਣਾ ਘਰ ਕਹਿੰਦੀ ਹੈ। ਹਾਲਾਂਕਿ COVID-19 ਦੇ ਨਤੀਜੇ ਵਜੋਂ, ਸਾਊਥ ਫਲੈਚਰਸ ਸਪੋਰਟਸਪਲੈਕਸ ਵਿਖੇ ਸਾਡੀ ਮੂਲ ਥਾਂ ਨੂੰ ਮੁਸ਼ਕਲ ਸਮੇਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਫਿਰ ਵੀ ਸਿਟੀ ਆਫ ਬ੍ਰੈਂਪਟਨ ਵੱਲੋਂ ਅੱਜ ਦੀ ਘੋਸ਼ਣਾ, ਇਸ ਚੁਣੌਤੀਪੂਰਣ ਸਮੇਂ ਦੇ ਦੌਰਾਨ ਬੇਹੱਦ ਲੋੜੀਂਦੀ ਰਾਹਤ ਪ੍ਰਦਾਨ ਕਰਨ ਵਿੱਚ ਮਦਦ ਕਰੇਗੀ।"

- ਮਾਈਕਲ ਗਾਉਟ (Michael Gout), ਮਾਲਿਕ, ਸਪੋਰਟਫਿਕਸ

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca